# ਦਫਤਰ ਪ੍ਰਿੰਸੀਪਲ, ਗੁਰੂ ਗੋਬਿਦ ਸਿੰਘ ਮੈਡੀਕਲ ਕਾਲਜ, ਫਰੀਦਕੋਟ

ਨੰਬਰ-ਸਕਾਲਰਸ਼ਿਪ/2025/ 21302 ਮਿਤੀ- 20/8/25

## ਨੋਟਿਸ

ਵਿਸ਼ਾ- **ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ ਸਟੂਡੈਂਟਸ ਸਕੀਮ ਤਹਿਤ ਸਾਲ 2025-26 ਦੇ ਵਿਦਿਆਰਥੀਆਂ ਲਈ ਡਾ. ਅੰਬੇਦਕਰ ਸਕਾਲਰਸ਼ਿਪ ਪੋਰਟਲ ਖੋਲਣ ਸਬੰਧੀ ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਕਾਲਜ ਦੇ ਸਮੂਹ ਐਸ.ਸੀ ਸਕੀਮ ਨਾਲ ਸਬੰਧਤ ਵਿਦਿਆਰਥੀਆਂ ਨੂੰ ਇਸ ਨੋਟਿਸ ਰਾਹੀ ਸੂਚਿਤ ਕੀਤਾ ਜਾਂਦਾ ਹੈ ਕਿ ਜਿਨ੍ਹਾਂ ਵਿਦਿਆਰਥੀਆਂ ਨੇ **ਸਾਲ 2025-26 ਦੇ ਦੌਰਾਨ Dr. Ambedkar Scholarship Portal (Punjab Govt.)** ਤੇ ਅਪਲਾਈ ਕਰਨਾ ਹੈ ਲਾਗੂਕਰਤਾ ਵਿਭਾਗਾਂ ਦੇ ਲਈ ਪੋਰਟਲ (ਨਾਲ ਨੱਥੀ) ਸ਼ਡਿਊਲ ਅਨੁਸਾਰ ਖੋਲ ਦਿਤਾ ਗਿਆ ਹੈ । ਇਸ ਲਈ ਵਿਦਿਆਰਥੀਆਂ ਨੂੰ ਹਦਾਇਤ ਕੀਤਾ ਜਾਂਦੀ ਹੈ ਕਿ ਉਹ ਆਪਣਾ ਫਾਰਮ Activity Schedule 2025-26 ਦੀਆਂ ਮਿਤੀਆਂ ਮੁਤਾਬਿਕ ਮਿਥੇ ਸਮੇਂ ਦੇ ਅੰਦਰ-ਅੰਦਰ ਪੋਰਟਲ ਤੇ ਅਪਲਾਈ ਕਰ ਸਕਦੇ ਹਨ ।

ਜੇਕਰ ਕੋਈ ਵਿਦਿਆਰਥੀ ਆਪਣਾ ਫਾਰਮ/ ਫਾਈਲ ਮਿਥੇ ਸਮੇਂ ਦੇ ਅੰਦਰ-ਅੰਦਰ ਦਫਤਰ ਪਾਸ ਜਮ੍ਹਾਂ ਨਹੀਂ ਕਰਵਾਉਂਦਾ ਤਾਂ ਉਸ ਦੀ ਜਿੰਮੇਵਾਰੀ ਵਿਦਿਆਰਥੀ ਦੀ ਖੁਦ ਦੀ ਹੋਵੇਗੀ ।

**ਨੋਟ- ਸਾਰੇ ਵਿਦਿਆਰਥੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਆਪਣੇ ਬਿਨੇਕਾਰ ਆਈਡੀ ਰਾਹੀਂ ਆਪਣਾ OTR ਦਰਜ ਕਰਨਾ ਲਾਜ਼ਮੀ ਹੈ । ਸਾਲ 2025-26 ਲਈ ਸਕਾਲਰਸ਼ਿਪ ਲਈ ਸਾਰੇ ਵਿਦਿਆਰਥੀਆਂ ਲਈ OTR ਲਾਜ਼ਮੀ ਹੈ । ਜੇਕਰ ਕੋਈ ਯੋਗ ਵਿਦਿਆਰਥੀ OTR ਅਤੇ Bio Authentication ਨਹੀਂ ਕਰਵਾਉਂਦਾ ਤਾ ਉਸ ਨੂੰ ਨਿਯਮਾਂ ਮੁਤਾਬਿਕ ਅਦਾਇਗੀ ਨਹੀਂ ਹੋਵੇਗੀ । OTR ਅਤੇ Bio Authentication ਕਰਵਾਉਣ ਦੀ ਜਿੰਮੇਵਾਰੀ ਵਿਦਿਆਰਥੀ ਦੀ ਖੁਦ ਹੋਵੇਗੀ ।**

ਪ੍ਰਿੰਸੀਪਲ

ਨੰਬਰ- ਸਕਾਲਰਸ਼ਿਪ/2025/ 21303-6 ਮਿਤੀ- 20/8/25

ਉਪਰੋਕਤ ਦਾ ਉਤਾਰਾ ਹੇਠ ਲਿਖੇ ਅਨੁਸਾਰ ਸੂਚਨਾਂ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ।

1. ਡਾ ਇੰਚਾਰਜ਼ ਟ੍ਰੇਨਿੰਗ ਸ਼ਾਖਾ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਵਿਦਿਆਰੀਆਂ ਦੇ ਬਨਾਏ ਗਏ ਵੱਟਸਪ ਗਰੁਪਾ ਦੇ ਵਿੱਚ ਵਿਦਿਆਰਥੀਆਂ ਦੀ ਸੂਚਨਾਂ ਦੇ ਲਈ ਭੇਜ ਦਿਤਾ ਜਾਵੇ ।
2. ਲੜਕੇ ਅਤੇ ਲੜਕਿਆਂ ਦੇ ਬੁਆਏਜ਼ ਹੋਸਟਲ/ ਗਰਲਜ਼ ਹੋਸਟਲ ਦੇ ਨੋਟਿਸ ਬੋਰਡ ਤੇ ਵਿਦਿਆਰਥੀਆਂ ਦੀ ਸੂਚਨਾਂ ਹਿੱਤ ।
3. ਇੰਚਾਰਜ ਕੰਪਿਊਟਰ ਸੈਲ, ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫਰੀਦਕੋਟ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਕਾਲਜ ਦੀ ਵੈਬ-ਸਾਈਟ ਤੇ ਵਿਦਿਆਰਥੀਆਂ ਦੀ ਸੂਚਨਾਂ ਦੇ ਲਈ ਅਪਲੋਡ ਕਰ ਦਿੱਤੀ ਜਾਵੇ ।

ਪ੍ਰਿੰਸੀਪਲ

ਡਾਇਰੈਕਟੋਰੇਟ,
ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ,
ਐਸ.ਸੀ.ਐਫ. ਨੰ. 7, ਫੇਜ-1, ਐਸ.ਏ.ਐਸ. ਨਗਰ।

ਸੇਵਾ ਵਿਖੇ,

ਸਟੇਟ ਇੰਨਫਰਮੇਟਿਕ ਅਫ਼ਸਰ,
ਐਨ. ਆਈ.ਸੀ., ਪੰਜਾਬ,
ਚੰਡੀਗੜ੍ਹ।
ਪੱਤਰ ਨੰ: ਸ-17/
ਮਿਤੀ:

ਵਿਸ਼ਾ: ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਸਟੂਡੈਂਟਸ ਸਕੀਮ ਤਹਿਤ ਸਾਲ 2025-26 ਦੇ ਵਿਦਿਆਰਥੀਆਂ ਲਈ ਡਾ. ਅੰਬੇਦਕਰ ਸਕਾਲਰਸ਼ਿਪ ਪੋਰਟਲ ਖੋਲਣ ਸਬੰਧੀ।

ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਸਟੂਡੈਂਟਸ ਸਕੀਮ ਤਹਿਤ ਸਾਲ 2025-26 ਦੇ ਵਿਦਿਆਰਥੀਆਂ, ਸੰਸਥਾਵਾਂ, ਸੈਕਸ਼ਨਿੰਗ ਅਥਾਰਟੀ ਅਤੇ ਲਾਗੂਕਰਤਾ ਵਿਭਾਗਾਂ ਲਈ ਪੋਰਟਲ ਹੇਠ ਦਰਸਾਏ ਸ਼ਡਿਊਲ ਅਨੁਸਾਰ ਖੋਲਿਆ ਜਾਵੇ ਜੀ:-

| ACTIVITY SCHEDULE 2025-26 | | | |
|---|---|---|---|
| | | For Fresh Cases | For Renewal Cases |
| 1 | The last date for Fresh students to apply for Free Ship Cards (Fresh (SC) | 30.09.2025 | ---- |
| 2 | The last date for Institutes to forward complete cases after corrections to the approving authority/sanctioning authorities (SC) | 31.10.2025 | 30.09.2025 |
| 3 | The last date for the approving authority to send online proposals to line departments/ sanctioning departments for scholarship (SC) | 10.11.2025 | 10.10.2025 |
| 4 | The last date for line departments / sanctioning departments to send online proposals to Social Justice, Empowerment and Minorities Department (SC) | 20.11.2025 | 20.10.2025 |

Note: DPI School is requested to send cases of renewal students (12 th class) by 31.07.2025, so that the 40% scholarship amount to these students may be released before 15th August, 2025.

ਨੋਡਲ ਅਫਸਰ (ਸਕੀਮ)
ਮੁੱਖ ਦਫਤਰ, ਐਸ.ਏ.ਐਸ. ਨਗਰ।

ਪਿੱਠ ਅੰਕਣ ਨੰ: ਸ-17/ | 1154969/2025/1 ਮਿਤੀ: 18-7-2025

ਉਤਾਰਾ:
1. ਪੀ.ਐਸ. ਟੂ ਡਾਇਰੈਕਟਰ, ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ, ਐਸ.ਏ.ਐਸ.ਨਗਰ ਜੀ ਨੂੰ ਸੂਚਨਾ ਹਿੱਤ।
2. ਸਮੂਹ ਲਾਗੂ ਕਰਤਾ ਵਿਭਾਗ ਨੂੰ ਅਗਲੇਰੀ ਕਾਰਵਾਈ ਹਿੱਤ ਜੀ।

ਨੋਡਲ ਅਫਸਰ (ਸਕੀਮ)
ਮੁੱਖ ਦਫਤਰ, ਐਸ.ਏ.ਐਸ. ਨਗਰ।

## ਡਾਇਰੈਕਟੋਰੇਟ, ਖੋਜ ਅਤੇ ਮੈਡੀਕਲ ਸਿੱਖਿਆ ਵਿਭਾਗ, ਪੰਜਾਬ
ਮੈਡੀਕਲ ਸਿੱਖਿਆ ਭਵਨ, ਸੈਕਟਰ – 69, ਐੱਸ.ਏ.ਐੱਸ. ਨਗਰ (ਮੋਹਾਲੀ), ਪੰਜਾਬ

ਮਿਤੀ:- 21/07/2025

ਪਿਠ.ਅੰਕਣ ਨੰ:ਈ-ਸਕਾਲਰਸ਼ਿਪ-ਪੰ/25/ 11567

ਉਪਰੋਕਤ ਦਾ ਉਤਾਰਾ ਪੰਜਾਬ ਰਾਜ ਦੇ ਸਮੂਹ ਮੈਡੀਕਲ ਸਿੱਖਿਆ ਨਾਲ ਸਬੰਧਤ ਸੰਸਥਾਵਾਂ ਦੇ ਪ੍ਰਿੰਸੀਪਲਜ /ਮੁਖੀਆਂ ਨੂੰ ਸੂਚਨਾ/ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਨੋਡਲ ਅਫਸਰ ਸਕਾਲਰਸ਼ਿਪ

**ਡਾਇਰੈਕਟੋਰੇਟ**
**ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ,**
**ਐਸ.ਸੀ.ਓ. ਨੰ: 7, ਫੇਜ਼-1, ਐਸ.ਏ.ਐਸ. ਨਗਰ**

ਸੇਵਾ ਵਿਖੇ,

ਸਟੇਟ ਇੰਨਫਰਮੇਟਿਕ ਅਫਸਰ,
ਐਨ.ਆਈ.ਸੀ., ਪੰਜਾਬ।

ਪੱਤਰ ਨੰ: ਸ-17/ 17496
ਮਿਤੀ 18-08-2025

ਵਿਸ਼ਾ: **ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਸਟੂਡੈਂਟਸ ਸਕੀਮ ਤਹਿਤ ਸਾਲ 2025-26 ਵਿਦਿਆਰਥੀਆਂ ਵੱਲੋਂ ਦਿੱਤੀ ਜਾਣ ਵਾਲੀ ਅੰਡਟੇਕਿੰਗ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਬੇਨਤੀ ਹੈ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਸਟੂਡੈਂਟਸ ਸਕੀਮ ਤਹਿਤ ਸਾਲ 2025-26 ਵਿਦਿਆਰਥੀਆਂ ਵੱਲੋਂ ਦਿੱਤੀ ਜਾਣ ਵਾਲੀ ਅੰਡਟੇਕਿੰਗ ਇਸ ਪੱਤਰ ਨਾਲ ਨੱਥੀ ਕਰਦੇ ਬੇਨਤੀ ਹੈ ਕਿ ਇਸ ਅੰਡਰਟੇਕਿੰਗ ਨੂੰ ਡਾ. ਅੰਬੇਦਕਰ ਸਕਾਲਰਸ਼ਿਪ ਪੋਰਟਲ ਤੇ ਅਪਲੋਡ ਕੀਤਾ ਜਾਵੇ ਜੀ।

ਇਹ ਪੱਤਰ ਸਮਰੱਥ ਅਧਿਕਾਰੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਜਾਂਦਾ ਹੈ ਜੀ।

**ਨੱਥੀ ਅੰਡਰਟੇਕਿੰਗ**

18/8/25

**ਨੋਡਲ ਅਫਸਰ (ਸਕੀਮ)**
**ਮੁੱਖ ਦਫਤਰ, ਐਸ.ਏ.ਐਸ. ਨਗਰ।**

ਪਿੱਠ ਅੰਕਣ.ਨੰ: ਸ-17/17496-17501 ਮਿਤੀ, ਐਸ.ਏ.ਐਸ ਨਗਰ 18-8-2025

ਉਪਰੋਕਤ ਦਾ ਉਤਾਰਾ ਸਮੂਹ ਲਾਗੂਕਰਤਾ, ਵਿਭਾਗਾਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪਣੇ ਅਧੀਨ ਆਉਂਦੀਆ ਸਮੂਹ ਸੰਸਥਾਵਾਂ ਦੇ ਵਿਦਿਆਰਥੀਆਂ ਤੋਂ ਉਕਤ ਅੰਡਰਟੇਕਿੰਗ ਲੈਣਾ ਯਕੀਨੀ ਬਣਾਇਆ ਜਾਵੇ ਜੀ।

18/25

**ਨੋਡਲ ਅਫਸਰ (ਸਕੀਮ)**
**ਮੁੱਖ ਦਫਤਰ, ਐਸ.ਏ.ਐਸ. ਨਗਰ।**

## ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਸਟੂਡੈਂਟਸ ਸਕੀਮ

### ਵਿਦਿਆਰਥੀ ਵੱਲੋਂ ਦਿੱਤੀ ਜਾਣ ਵਾਲੀ ਅੰਡਰਟੇਕਿੰਗ

**(ਜੇਕਰ ਵਿਦਿਆਰਥੀ 18 ਸਾਲ ਤੋਂ ਘੱਟ ਹੋਵੇ ਤਾਂ ਅੰਡਰਟੇਕਿੰਗ ਮਾਤਾ/ਪਿਤਾ ਵੱਲੋਂ ਦਿੱਤੀ ਜਾਵੇ)**

1. ਮੈਂ ..................... ਪੁੱਤਰ/ਪੁੱਤਰੀ ...............................ਤਹਿਸੀਲ .............. ਜਿਲ੍ਹਾ
....................... ਦਾ/ਦੀ ਪੱਕਾ ਨਿਵਾਸੀ ਹਾਂ।

2. ਇਹ ਕਿ ਮੈਂ ਪੰਜਾਬ ਸਰਕਾਰ ਵੱਲੋਂ ਜਾਰੀ ਅਨੁਸੂਚਿਤ ਜਾਤੀਆਂ ਦੀ ਸੂਚੀ ਵਿੱਚ ਦਰਸਾਈ .................. ਨਾਲ ਸਬੰਧ ਰੱਖਦਾ/ਰੱਖਦੀ ਹਾਂ ਅਤੇ ਮੈਨੂੰ ਅਨੁਸੂਚਿਤ ਜਾਤੀ ਦਾ ਸਰਟੀਫਿਕੇਟ ਯੋਗ ਅਥਾਰਟੀ ਵੱਲੋਂ ਜਾਰੀ ਕੀਤਾ ਗਿਆ, ਜਿਸ ਦੀ ਕਾਪੀ ਪੋਰਟਲ ਤੇ ਅਪਲੋਡ ਕੀਤੀ ਗਈ ਹੈ। ਮੇਰੇ ਪਰਿਵਾਰ ਦੀ ਸਲਾਨਾ ਆਮਦਨ 2.50 ਲੱਖ ਰੁਪਏ ਤੋਂ ਘੱਟ ਹੈ

3. ਇਹ ਕਿ ਮੈਂ ਭਾਰਤ ਸਰਕਾਰ ਵੱਲੋਂ ਲਾਗੂ ਪੋਸਟ ਮੈਟ੍ਰਿਕ ਸਕਾਲਰਸਿਪ ਟੂ ਐਸ.ਸੀ. ਸਕੀਮਾਂ ਦੀਆਂ ਹਦਾਇਤਾਂ ਦੀ ਪਾਲਣਾ ਕਰਨ ਲਈ ਪਾਬੰਦ ਹੋਵਾਂਗਾ/ਹੋਵਾਂਗੀ।

4. ਇਹ ਕਿ ਮੈਂ ਭਾਰਤ ਸਰਕਾਰ ਦੇ ਸਮਾਜਿਕ ਨਿਆ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਵੱਲੋਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਸਟੂਡੈਂਟਸ ਸਕੀਮ ਅਧੀਨ ਮਹੀਨਾ ਮਾਰਚ, 2021 ਰਾਹੀਂ ਜਾਰੀ ਕੀਤੀਆਂ ਹਦਾਇਤਾਂ ਪੜ੍ਹ ਲਈਆਂ ਹਨ, ਜਿਨ੍ਹਾਂ ਦੀ ਮੈਂ ਪਾਲਣਾ ਕਰਾਂਗਾ/ਕਰਾਂਗੀ।

5. ਇਹ ਕਿ ਮੈਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਸਕੀਮ (ਕੇਵਲ ਇੱਕ ਸਕੀਮ) ਤੋਂ ਇਲਾਵਾ ਭਾਰਤ ਸਰਕਾਰ ਜਾਂ ਰਾਜ ਸਰਕਾਰ ਵੱਲੋਂ ਲਾਗੂ ਕਿਸੇ ਹੋਰ ਵਜ਼ੀਫਾ ਸਕੀਮਾ ਦਾ ਲਾਭ ਨਹੀਂ ਲਵਾਂਗਾ/ਲਵਾਂਗੀ।

6. ਇਹ ਕਿ ਪਿਛਲੇ ਸਾਲ ਮੈਂ ................................ ਸੰਸਥਾ ਦਾ ਵਿਦਿਆਰਥੀ ਸੀ ਅਤੇ ਪੋਸਟ ਮੈਟ੍ਰਿਕ ਐਸ.ਸੀ. ਤਹਿਤ ਲਾਭ ਲਿਆ ਸੀ ਅਤੇ ਮੇਰਾ ਫਰੀਸ਼ਿਪ ਕਾਰਡ ਆਈ.ਡੀ. ਨੰਬਰ-.............. ਹੈ । ਸਾਲ 2024-25 ਦੌਰਾਨ ਮੈਨੂੰ ਰਾਜ ਸਰਕਾਰ ਅਤੇ ਕੇਂਦਰ ਸਰਕਾਰ ਦੀ ਰਾਸ਼ੀ ਅਧਾਰ ਸੀਡਡ ਬੈਂਕ ਖਾਤੇ ਵਿੱਚ ਪ੍ਰਾਪਤ ਹੋ ਗਈ ਹੈ ਅਤੇ ਮੈਂ ਨਿਯਮਾਂ ਅਨੁਸਾਰ ਸੰਸਥਾ ਦੀ ਬਣਦੀ ਫੀਸ ਸੰਸਥਾ ਨੂੰ ਜਮਾਂ ਕਰਵਾ ਦਿੱਤੀ ਹੈ।

7. ਮੈਂ ਇਹ ਬਿਆਨ ਕਰਦਾ ਹਾਂ ਕਿ ਇਸ ਸੰਸਥਾ ਤੋਂ ਇਲਾਵਾ ਕਿਸੇ ਹੋਰ ਸੰਸਥਾ ਵਿੱਚ ਦਾਖਲਾ ਨਹੀਂ ਲਿਆ ਹੈ।

8. ਮੈਂ ਪਹਿਲਾਂ ਕਿਤੇ ਹੋਰ ਇਸ ਕੋਰਸ ਦੇ ਬਰਾਬਰ (Parallel Course) ਕੋਈ ਕੋਰਸ ਨਹੀਂ ਕੀਤਾ ਹੈ।

9. ਇਹ ਕਿ ਮੈਂ ................................. ਸੰਸਥਾ ਵਿੱਚ .................. ਕੋਰਸ ਵਿੱਚ ਸਾਲ ........... ਦੌਰਾਨ ਦਾਖਲਾ ਲਿਆ ਹੈ ਅਤੇ ਇਸ ਸਾਲ ਮੇਰਾ ਦਾਖਲਾ ਨੰਬਰ ..................... ਹੈ।

10. ਪੋਰਟਲ ਤੇ ਮੇਰੇ ਦੁਆਰਾ ਭਰਿਆ ਗਿਆ ਮੋਬਾਇਲ ਨੰਬਰ ਮੇਰਾ ਆਪਣਾ ਹੈ।

11. ਮੈ ਐਨ.ਐਸ.ਪੀ. ਪੋਰਟਲ ਤੇ ਆਪਣਾ ਓ.ਟੀ.ਆਰ. ਕਰਵਾ ਲਿਆ ਹੈ ਅਤੇ ਮੇਰਾ ਓ.ਟੀ.ਆਰ. ਨੰਬਰ ............................ ਹੈ।

12. ਇਹ ਕਿ ਮੈਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਵਾਰ ਐਸ.ਸੀ. ਸਕੀਮ ਤਹਿਤ ਡਾ. ਅੰਬੇਦਕਰ ਸਕਾਲਰਸ਼ਿਪ ਪੋਰਟਲ ਤੇ ਇਸ ਸਾਲ ਆਪਣਾ Freeship Card ਬਣਵਾ ਲਿਆ ਹੈ (ਕੇਵਲ ਨਵੇ ਕੋਰਸ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਲਈ) ਅਤੇ ਇਸ ਤੋਂ ਬਾਅਦ ਡਾ. ਅੰਬੇਦਕਰ ਪੋਰਟਲ ਤੇ ਸਕਾਲਰਸ਼ਿਪ ਅਪਲਾਈ ਕੀਤਾ ਹੈ ਅਤੇ ਮੇਰਾ ਇਸ ਸਾਲ ਦਾ ਫਰੀਸ਼ਿਪ ਕਾਰਡ ਆਈ.ਡੀ. ਨੰਬਰ......................... ਹੈ।

13. ਇਹ ਕਿ ਮੇਰਾ ਦਾਖਲਾ ਸੰਸਥਾ ਵੱਲੋਂ ਬਿਨ੍ਹਾਂ ਫੀਸ ਲਏ ਕੀਤਾ ਗਿਆ ਹੈ

ਜਾਂ

ਇਹ ਕਿ ਮੈਂ ਦਾਖਲੇ ਸਮੇਂ ਸੰਸਥਾ ਨੂੰ .......................ਰੁਪਏ ਫੀਸ ਜਮ੍ਹਾ ਕਰਵਾ ਦਿੱਤੀ ਹੈ।

14. ਮੈਂ ਇਹ ਬਿਆਨ ਕਰਦਾ/ਕਰਦੀ ਹਾਂ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਸਕੀਮ ਤਹਿਤ ਵਜ਼ੀਫੇ ਦਾ ਲਾਭ ਲੈਂਦਿਆਂ ਹੋਇਆ ਆਪਣਾ ਕੋਰਸ ਪੂਰਾ ਕਰਾਂਗਾ। ਜੇਕਰ ਮੈ ਕੋਰਸ ਅਧੂਰਾ ਛੱਡਦਾ ਹਾਂ ਤਾਂ ਐਸ.ਸੀ. ਸਕਾਲਰਸ਼ਿਪ ਸਕੀਮ ਤਹਿਤ ਮੈਨੂੰ ਜਾਰੀ ਕੀਤੀ ਫੀਸ ਸਮਾਜਿਕ ਨਿਆ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਨੂੰ ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ. ਦੇ ਨਿਯਮ XI (iv) ਅਨੁਸਾਰ ਵਾਪਸ ਕਰਨ ਲਈ ਪਾਬੰਦ ਹੋਵਾਂਗਾ/ਹੋਵਾਗੀ।

15. ਮੈਂ ਇਹ ਬਿਆਨ ਕਰਦਾ/ਕਰਦੀ ਹਾਂ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਸਟੂਡੈਂਟਸ ਸਕੀਮ ਤਹਿਤ ਮੈਨੂੰ ਪ੍ਰਾਪਤ ਹੋਈ ਵਜ਼ੀਫੇ ਦੀ ਰਾਸ਼ੀ ਵਿੱਚੋਂ ਸੰਸਥਾ ਨੂੰ ਬਣਦੀ ਫੀਸ ਭਾਰਤ ਸਰਕਾਰ/ਰਾਜ ਸਰਕਾਰ ਵੱਲੋਂ ਮਾਰਚ 2021 ਵਿੱਚ ਜਾਰੀ ਕੀਤੀਆਂ ਹਦਾਇਤਾਂ ਦੇ ਪੈਰਾ ਨੰ. 21.4 ਅਤੇ ਪੇਜ ਨੰ. 18 ਅਨੁਸਾਰ ਸਕਾਲਰਸ਼ਿਪ ਪ੍ਰਾਪਤ ਹੋਣ ... ਦਿਨਾਂ ਦੇ ਅੰਦਰ-ਅੰਦਰ ਕਾਲਜ ਨੂੰ ਜਮ੍ਹਾਂ ਕਰਵਾਉਣ ਲਈ ਪਾਬੰਦ ਹੋਵਾਂਗਾ/ਹੋਵਾਂਗੀ, ਜੇਕਰ ਮੇਰੇ

ਮੈਨੂੰ ਭਾਰਤ ਸਰਕਾਰ/ਰਾਜ ਸਰਕਾਰ ਵੱਲੋਂ ਮਾਰਚ 2021 ਵਿੱਚ ਜਾਰੀ ਕੀਤੀਆ ਹਦਾਇਤਾਂ ਦੇ ਪੈਰ੍ਹਾ ਨੰ. 21.1 ਹਮੇਸ਼ਾ ਲਈ ਸਕਾਲਰਸ਼ਿਪ ਤੋਂ Debarred ਜਾ Blacklist ਕੀਤਾ ਜਾ ਸਕਦਾ ਹੈ।

16. ਮੇਰੇ ਵੱਲੋਂ ਪੋਰਟਲ ਤੇ ਅਪਲਾਈ ਕਰਨ ਦੌਰਾਨ ਜੋ ਜਾਣਕਾਰੀ ਦਿੱਤੀ ਗਈ ਹੈ ਉਹ ਮੈਂ ਚੈਕ ਕਰ ਲਈ ਹੈ।

17. ਮੇਰਾ ਬੈਂਕ ਖਾਤਾ ਅਧਾਰ ਸੀਡਡ ਹੈ ਅਤੇ ਓਪਰੇਟਿਵ ਹੈ। ਬੈਂਕ ਖਾਤਾ ਅਧਾਰ ਸੀਡਡ ਜਾ ਓਪਰੇਟਿਵ ਨਾ ਹੋਣ ਕਾਰਨ ਜੇਕਰ ਅਦਾਇਗੀ ਵਿੱਚ ਦੇਰੀ ਹੁੰਦੀ ਹੈ ਉਹ ਮੇਰੀ ਨਿੱਜੀ ਜਿੰਮੇਵਾਰੀ ਹੋਵੇਗੀ।

ਵਿਦਿਆਰਥੀ ਦਾ ਪੂਰਾ ਨਾਮ.......................................

ਹਸਤਾਖਰ.......................................................

ਮਿਤੀ...........................................................

ਜੇਕਰ ਵਿਦਿਆਰਥੀ 18 ਸਾਲ ਤੋਂ ਘੱਟ ਹੋਵੇ ਤਾਂ ਅੰਡਰਟੇਕਿੰਗ ਮਾਤਾ/ਪਿਤਾ ਵੱਲੋਂ ਦਿੱਤੀ ਗਈ ਹੈ:-

ਮਾਤਾ/ਪਿਤਾ ਦਾ ਪੂਰਾ ਨਾਮ ...................................

ਹਸਤਾਖਰ....................................................

ਮਿਤੀ .......................................................